Name :
Level :

# ਗੁਰੂ ਨਾਨਕ ਦੇਵ ਜੀ

ਗੁਰੂ ਨਾਨਕ ਦੇਵ ਜੀ ਦਾ ਜਨਮ ਰਾਇ ਭੋਇ ਦੀ ਤਲਵੰਡੀ (ਪਾਕਿਸਤਾਨ) ਵਿਚ ਸੰਨ ੧੪੬੯ ਈਸਵੀ ਨੂੰ ਹੋਇਆ। ਰਾਇ ਭੋਇ ਦੀ ਤਲਵੰਡੀ ਨੂੰ ਅੱਜਕਲ੍ਹ ਨਨਕਾਣਾ ਸਾਹਿਬ ਆਖਦੇ ਹਨ। ਆਪ ਦੇ ਪਿਤਾ ਜੀ ਦਾ ਨਾਮ ਮਹਿਤਾ ਕਾਲੂ ਅਤੇ ਮਾਤਾ ਜੀ ਦਾ ਨਾਮ ਤ੍ਰਿਪਤਾ ਜੀ ਸੀ। ਆਪ ਜੀ ਦੀ ਵੱਡੀ ਭੈਣ ਦਾ ਨਾਮ ਬੇਬੇ ਨਾਨਕੀ ਜੀ ਸੀ। ਉਹਨਾਂ ਦਾ ਵਿਆਹ ਬੀਬੀ ਸੁਲੱਖਣੀ ਜੀ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ ਸਨ।

ਗੁਰੂ ਨਾਨਕ ਦੇਵ ਜੀ ਧਰਮ ਪ੍ਰਚਾਰ ਲਈ ਚਾਰ ਯਾਤਰਾਵਾਂ ਤੇ ਗਏ। ਇਹਨਾਂ ਚਾਰ ਯਾਤਰਾਵਾਂ ਨੂੰ ਚਾਰ ਉਦਾਸੀਆਂ ਕਿਹਾ ਜਾਂਦਾ ਹੈ। ਭਾਈ ਮਰਦਾਨਾ ਜੀ ਨੇ ਇਹਨਾਂ ਉਦਾਸੀਆਂ ਵਿਚ ਗੁਰੂ ਨਾਨਕ ਦੇਵ ਜੀ ਦਾ ਸਾਥ ਦਿੱਤਾ। ਗੁਰੂ ਜੀ ਨੇ ਇਹਨਾਂ ਉਦਾਸੀਆਂ ਵਿਚ ਲੋਕਾਂ ਨੂੰ ਕਰਮ-ਕਾਂਡਾਂ, ਅੰਧ-ਵਿਸ਼ਵਾਸਾਂ ਅਤੇ ਗਲਤ ਰੀਤੀ ਰਿਵਾਜਾਂ ਤੋਂ ਹਟਾਇਆ। ਇੱਕ ਵਾਹਿਗੁਰੂ ਦੀ ਭਗਤੀ ਕਰਨ ਦਾ ਉਪਦੇਸ਼ ਦਿੱਤਾ। ਲੋਕਾਂ ਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦਾ ਉਪਦੇਸ਼ ਦਿੱਤਾ।

ਗੁਰੂ ਨਾਨਕ ਦੇਵ ਜੀ ਨੇ ਜਿੱਥੇ ਲੋਕਾਂ ਨੂੰ ਕੁਰੀਤੀਆਂ ਵਿਚੋਂ ਬਾਹਰ ਕੱਢਿਆ, ਉੱਥੇ ਨਾਲ ਹੀ ਨਾਲ ਔਰਤ ਦੀ ਸਮਾਜਿਕ ਦਸ਼ਾ ਸੁਧਾਰਨ ਵੱਲ ਵੀ ਧਿਆਨ ਦਿੱਤਾ। ਔਰਤਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ।

ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾ ਗੁਰਦੁਆਰਾ ੧੫੨੧ ਈਸਵੀ ਵਿਚ ਕਰਤਾਰਪੁਰ ਵਿਖੇ ਬਣਾਇਆ, ਜਿਸਨੂੰ ਉਸ ਵੇਲੇ ਧਰਮਸ਼ਾਲਾ ਕਿਹਾ ਜਾਂਦਾ ਸੀ।

ਸਿੱਖੀ ਦਾ ਸਭ ਤੋਂ ਪਹਿਲਾ ਪ੍ਰਚਾਰ ਕੇਂਦਰ ਭਾਈ ਲਾਲੋ ਜੀ ਦੇ ਘਰ ਨੂੰ ਬਣਾਇਆ ਗਿਆ। ਭਾਈ ਲਾਲੋ ਜੀ ਇਕ ਗਰੀਬ ਤਰਖਾਣ ਸਨ ਜੋ ਸੈਦਪੁਰ ਦੇ ਰਹਿਣ ਵਾਲੇ ਸਨ। ਗੁਰੂ ਸਾਹਿਬ ਨੇ ਅਮੀਰ ਮਲਿਕ ਭਾਗੋ ਦੀ ਦਾਅਵਤ ਨੂੰ ਨਾ ਮਨਜੂਰ ਕਰ ਦਿੱਤਾ

ਕਿਉਂਕਿ ਉਸਦੀ ਕਿਰਤ ਦੀ ਕਮਾਈ ਨਹੀਂ ਸੀ। ਸਗੋਂ ਗਰੀਬ ਭਾਈ ਲਾਲੋ ਜੀ ਦੇ ਘਰ ਗਏ ਜਿਹੜਾ ਕਿਰਤ ਕਮਾਈ ਕਰਕੇ ਆਪਣਾ ਜੀਵਨ ਜੀ ਰਿਹਾ ਸੀ।
ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੇ ਸਮੇਂ ਜੋਗੀਆਂ ਨੂੰ ਮਿਲਣ ਲਈ ਗੋਰਖਮਤਾ ਗਏ। ਇਸ ਜਗ੍ਹਾਂ ਨੂੰ ਅੱਜਕਲ ਨਾਨਕਮਤਾ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਜੋਗੀਆਂ ਨੂੰ ਦੱਸਿਆ ਕਿ ਰੱਬ ਨੂੰ ਲੱਭਣ ਲਈ  ਸਾਨੂੰ ਜੰਗਲਾਂ ਵਿਚ ਜਾਣ ਦੀ ਜਰੂਰਤ ਨਹੀਂ ਹੈ। ਪਰਿਵਾਰ ਵਿਚ ਰਹਿ ਕੇ ਅਸੀਂ ਰੱਬ ਨੂੰ ਪਾ ਸਕਦੇ ਹਾਂ।

ਗੁਰੂ ਜੀ ਸਿੱਧਾਂ ਨੂੰ ਮਿਲਣ ਲਈ ਕੈਲਾਸ਼ ਪ੍ਰਬਤ ਗਏ। ਜਿਸਨੂੰ ਸੁਮੇਰ ਪ੍ਰਬਤ ਵੀ ਕਿਹਾ ਜਾਂਦਾ ਹੈ। ਸਿੱਧਾਂ ਨਾਲ ਹੋਈ ਵਾਰਤਾਲਾਪ ਨੂੰ ਸਿੱਧ ਗੋਸ਼ਟਿ ਕਿਹਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਹਸਨ ਅਬਦਾਲ ਵਿਖੇ ਵਲੀ ਕੰਧਾਰੀ ਦਾ ਹੰਕਾਰ ਤੋੜਿਆ। ਹਸਨ ਅਬਦਾਲ ਨੂੰ ਅੱਜਕਲ ਪੰਜਾ ਸਾਹਿਬ ਕਿਹਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿਚ ਦੁਨਿਆਵੀ ਕੰਮ ਵੀ ਕੀਤੇ। ਉਹਨਾਂ ਨੇ ਵਪਾਰ ਤੇ ਖੇਤੀ ਕੀਤੀ ਅਤੇ ਦੁਕਾਨ ਵੀ ਚਲਾਈ। ਅਖੀਰਲੇ ਸਮੇਂ ਵਿਚ ਗੁਰੂ ਜੀ ਕਰਤਾਰਪੁਰ ਵਿਚ ਆ ਕੇ ਵੱਸ ਗਏ। ਗੁਰੂ ਨਾਨਕ ਦੇਵ ਜੀ ੭ ਮਈ, ੧੫੩੯ ਈਸਵੀ ਵਿਚ ਕਰਤਾਰਪੁਰ ਵਿਖੇ ਜੋਤੀ ਜੋਤ ਸਮਾ ਗਏ। ਜੋਤੀ ਜੋਤ ਸਮਾਉਣ ਤੋਂ ਪਹਿਲਾਂ ਉਹਨਾਂ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਦੀ ਦਾਤ ਬਖਸ਼ੀ, ਜੋ ਕਿ ਸਾਡੇ ਦੂਜੇ ਗੁਰੂ, ਗੁਰੂ ਅੰਗਦ ਦੇਵ ਜੀ ਬਣੇ।

**ਅਭਿਆਸ**

## ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:

੧. ਸਿੱਖਾਂ ਦੇ ਪਹਿਲੇ ਗੁਰੂ ਕੌਣ ਸਨ?

੨. ਸਿੱਖ ਧਰਮ ਕਿਸਨੇ ਚਲਾਇਆ?

੩. ਗੁਰੂ ਨਾਨਕ ਦੇਵ ਜੀ ਦੀ ਸੁਪਤਨੀ ਦਾ ਕੀ ਨਾਮ ਸੀ?

੪. ਗੁਰੂ ਨਾਨਕ ਦੇਵ ਜੀ ਦੇ ਸਪੁੱਤਰਾਂ ਦੇ ਕੀ ਨਾਮ ਸਨ?

੫. ਕਿਹੜਾ ਮੁਸਲਮਾਨ ਸਖਸ਼ ਸਾਰੀ ਉਮਰ ਗੁਰੂ ਨਾਨਕ ਦੇਵ ਜੀ ਦੇ ਨਾਲ ਰਿਹਾ ਅਤੇ ਕੀਰਤਨ ਦੀ ਸੇਵਾ ਨਿਭਾਉਂਦਾ ਰਿਹਾ?

੬. ਗੁਰੂ ਨਾਨਕ ਦੇਵ ਜੀ ਦੀਆਂ ਚਾਰ ਮਹਾਨ ਯਾਤਰਾਵਾਂ ਨੂੰ ਕੀ ਕਿਹਾ ਜਾਂਦਾ ਹੈ?

੭. ਗੁਰੂ ਨਾਨਕ ਦੇਵ ਜੀ ਚਾਰ ਮਹਾਨ ਯਾਤਰਾਵਾਂ ਦੌਰਾਨ ਕਿਹੜੇ ਕਿਹੜੇ ਥਾਂ ਤੇ ਗਏ?

੮. ਸੱਭ ਤੋਂ ਪਹਿਲਾ ਗੁਰਦੁਆਰਾ ਕਿੱਥੇ ਅਤੇ ਕਦੋਂ ਸ਼ੁਰੂ ਕੀਤਾ?

੯. ਗੁਰੂ ਨਾਨਕ ਦੇਵ ਜੀ ਨੇ ਸਿੱਖੀ ਦਾ ਪਹਿਲਾ ਪ੍ਰਚਾਰ ਕੇਂਦਰ ਕਿਹੜਾ ਬਣਾਇਆ?

੧੦. ਭਾਈ ਲਾਲੋ ਕੀ ਕੰਮ ਕਰਦਾ ਸੀ? ਉਹ ਕਿੱਥੋਂ ਦੇ ਰਹਿਣ ਵਾਲੇ ਸਨ?

੧੧. ਗੁਰੂ ਨਾਨਕ ਦੇਵ ਜੀ ਜੋਗੀਆਂ ਨੂੰ ਮਿਲਣ ਵਾਸਤੇ ਕਿੱਥੇ ਗਏ?

੧੨. ਗੁਰੂ ਨਾਨਕ ਦੇਵ ਜੀ ਨੇ ਜੋਗੀਆਂ ਨੂੰ ਕੀ ਸੁੱਮਤ ਬਖਸ਼ੀ?

੧੩. ਗੁਰੂ ਨਾਨਕ ਦੇਵ ਜੀ ਸਿੱਧਾਂ ਨੂੰ ਮਿਲਣ ਵਾਸਤੇ ਕਿੱਥੇ ਗਏ?

੧੪. ਸਿੱਧਾਂ ਨਾਲ ਹੋਈ ਵਾਰਤਾਲਾਪ ਨੂੰ ਕਿਸ ਬਾਣੀ ਨਾਲ ਜਾਣਿਆ ਜਾਂਦਾ ਹੈ?

੧੫. ਗੁਰੂ ਨਾਨਕ ਦੇਵ ਜੀ ਨੇ ਵਲੀ ਕੰਧਾਰੀ ਦਾ ਹੰਕਾਰ ਕਿੱਥੇ ਤੋੜਿਆ?

੧੬. ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿੱਚ ਕਿਹੜੇ ਦੁਨਿਆਵੀ ਕੰਮ ਕੀਤੇ?

੧੭. ਗੁਰੂ ਨਾਨਕ ਦੇਵ ਜੀ ਕਦੋਂ ਅਤੇ ਕਿੱਥੇ ਜੋਤੀ ਜੋਤਿ ਸਮਾਏ?

੧੮. ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਕਿਸ ਨੂੰ ਦਿੱਤੀ?